# ਮਾਡਲ ਪ੍ਰਸ਼ਨ ਪੱਤਰ
## ਜਮਾਤ : ਬਾਰ੍ਹਵੀਂ
## ਵਿਸ਼ਾ : ਪੰਜਾਬੀ

**ਕੋਡ : 532** **ਸੈਸ਼ਨ : 2024-25**
**ਸਮਾਂ : ਤਿੰਨ ਘੰਟੇ** **ਕੁੱਲ ਅੰਕ : 80**
**ਪੇਪਰ : ਸਾਲਾਨਾ**

ਨੋਟ : ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ।

**ਭਾਗ (ੳ)**

1. ਹੇਠ ਲਿਖੇ ਪੈਰ੍ਹੇ ਨੂੰ ਸਿਰਲੇਖ ਸਹਿਤ ਸੰਖੇਪ ਕਰਕੇ ਦੁਬਾਰਾ ਲਿਖੋ: 5

ਸਾਡੇ ਸਕੂਲਾਂ-ਕਾਲਜਾਂ ਦੀ ਨਵੀਂ ਪਨੀਰੀ ਨੂੰ ਸੁਝਾਉਣ ਦੀ ਡਾਢੀ ਲੋੜ ਹੈ। ਅਖ਼ਬਾਰ-ਬੀਨੀ ਵੀ ਦੂਜੀਆਂ ਭੁੱਖਾਂ ਵਾਂਗ ਸੰਜਮ ਅਤੇ ਲੋੜ ਅਨੁਸਾਰ ਹੀ ਕਰਨੀ ਚਾਹੀਦੀ ਹੈ। ਅਖਬਾਰ ਵਾਲੇ ਆਖਰ ਕੌਣ ਹਨ। ਟੀਸੀ ਉੱਤੇ ਇਨ੍ਹਾਂ ਦਾ ਧਨੀ ਮਾਲਕ ਹੈ, ਜੋ ਇਨ੍ਹਾਂ ਨੂੰ ਚਲਾਉਣ ਲਈ ਸਰਮਾਇਆ ਦਿੰਦਾ ਹੈ। ਉਹ ਮਨੁੱਖ ਹੈ, ਦੇਵਤਾ ਨਹੀਂ। ਉਸ ਨੇ ਵੇਖਣਾ ਹੈ ਕਿ ਅਖ਼ਬਾਰ ਵਿਕਦਾ ਕਿਵੇਂ ਹੈ, ਤੇ ਉਸ ਦੇ ਸਰਮਾਏ ਨੂੰ ਛੇਤੀ ਦੁੱਗਣਾ-ਚੌਗਣਾ ਕਿਵੇਂ ਕੀਤਾ ਜਾ ਸਕਦਾ ਹੈ। ਉਸਦੇ ਹੱਥ ਤਾਕਤ ਹੁੰਦੀ ਹੈ, ਜਨਤਾ ਦੇ ਅੱਖਾਂ ਤੇ ਕੰਨਾਂ ਵਿੱਚ ਜੋ ਚਾਹੇ, ਜਿਵੇਂ ਚਾਹੇ, ਜਿਸ ਰੰਗ ਵਿੱਚ ਚਾਹੇ ਪੇਸ਼ ਕਰ ਸਕਦਾ ਹੈ। ਅੱਗੇ ਉਸ ਨੂੰ ਵਰਤਣ ਵਾਲੇ, ਸਿਆਸੀ ਮੱਲ, ਹਕੂਮਤਾਂ ਵੱਡੇ ਸੌਦਾਗਰ, ਜਿਨ੍ਹਾਂ ਦੇ ਹੱਥ ਏਸ ਪੂੰਜੀ ਮਾਲਕ ਦੇ ਕੰਨ ਮਰੋੜਨ ਦੀ ਤਾਕਤ ਹੁੰਦੀ ਹੈ। ਅਖ਼ਬਾਰਾਂ ਲਿਖਣ ਵਾਲੇ ਚਿੱਟੇ ਨੂੰ ਕਾਲ਼ਾ ਤੇ ਕਾਲ਼ੇ ਨੂੰ ਚਿੱਟਾ ਲਿਖਦੇ ਹਨ। ਲਿਖਣ ਵਾਲੇ ਜਿੰਨੇ ਚਾਹੋ ਤਨਖ਼ਾਹ ਉੱਤੇ ਮਿਲ ਜਾਂਦੇ ਹਨ। ਅਖ਼ਬਾਰ ਪੜ੍ਹਨ ਦਾ ਲਾਭ ਵੀ ਹੈ ਤੇ ਹਾਨੀ ਵੀ, ਗੁਣ ਵੀ ਅਤੇ ਔਗੁਣ ਵੀ ਹੋ ਸਕਦਾ ਹੈ।

2. ਕਿਸੇ ਇਕ ਸਿੱਟੇ ਨੂੰ ਪ੍ਰਗਟ ਕਰਦੀ ਕਹਾਣੀ ਲਿਖੋ : 5

(ੳ) ਜੈਸੇ ਨੂੰ ਤੈਸਾ

(ਅ) ਇਮਾਨਦਾਰੀ ਚੰਗੀ ਨੀਤੀ ਹੈ

(ੲ) ਜਿੱਥੇ ਚਾਹ ਉੱਥੇ ਰਾਹ

3. ਹੇਠ ਲਿਖੇ ਸਾਹਿਤਕਾਰਾਂ ਵਿੱਚੋਂ ਕਿਸੇ ਇੱਕ ਦੇ ਜੀਵਨ ਅਤੇ ਰਚਨਾਵਾਂ ਬਾਰੇ ਸੰਖੇਪ ਰੂਪ ਵਿੱਚ ਲਿਖੋ :

5

(ੳ) ਸ੍ਰੀ ਗੁਰੂ ਨਾਨਕ ਦੇਵ

(ਅ) ਦਮੋਦਰ

Contd... p/2

(ੲ) ਬੁੱਲ੍ਹੇ ਸ਼ਾਹ

4. ਹੇਠ ਲਿਖੇ ਬਹੁ ਵਿਕਲਪੀ ਪ੍ਰਸ਼ਨਾਂ ਦੇ ਠੀਕ ਉੱਤਰ ਚੁਣੋ :

1ਘ5]5

(ਜ) 'ਜਪੁਜੀ ਸਾਹਿਬ' ਕਿਸ ਦੀ ਲਿਖੀ ਹੋਈ ਬਾਣੀ ਹੈ?

(ੳ) ਸ੍ਰੀ ਗੁਰੂ ਅਰਜਨ ਦੇਵ ਜੀ

(ਅ) ਸ੍ਰੀ ਗੁਰੂ ਅਮਰਦਾਸ ਜੀ

(ੲ) ਸ੍ਰੀ ਗੁਰੂ ਨਾਨਕ ਦੇਵ ਜੀ

(ਸ) ਸ੍ਰੀ ਗੁਰੂ ਰਾਮਦਾਸ ਜੀ

(ਜਜ) ਸ਼ੇਖ ਫ਼ਰੀਦ ਜੀ ਦਾ ਜਨਮ ਕਦੋਂ ਹੋਇਆ?

(ੳ) 1173ਈ. ਵਿੱਚ (ਅ) 1273 ਈ. ਵਿੱਚ

(ੲ) 1073 ਈ. ਵਿੱਚ (ਸ) 1373 ਈ. ਵਿੱਚ

(ਜਜਜ) ਸ਼ਾਹ ਹੁਸੈਨ ਨੇ ਕਿੰਨੀਆਂ ਕਾਫ਼ੀਆਂ ਲਿਖੀਆਂ?

(ੳ) 263 (ਅ) 163

(ੲ) 150 (ਸ) 120

(ਜਡ) ਸ਼ਾਹ ਮੁਹੰਮਦ ਕਿਸ ਰਚਨਾ ਕਰਕੇ ਪ੍ਰਸਿੱਧ ਹੋਇਆ?

(ੳ) ਜੰਗਨਾਮਾ ਸਿੰਘਾਂ ਤੇ ਫਿਰੰਗੀਆਂ ਦਾ

(ਅ) ਲੈਲਾ-ਮਜਨੂੰ (ੲ) ਹੀਰ ਰਾਂਝਾ

(ਸ) ਸੱਸੀ-ਪੁੰਨੂੰ

(ਡ) ਵਾਰਿਸ ਸ਼ਾਹ ਨੇ ਕਿਹੜਾ ਪ੍ਰਸਿੱਧ ਕਿੱਸਾ ਲਿਖਿਆ?

(ੳ) ਹੀਰ-ਰਾਂਝਾ (ਅ) ਸੱਸੀ-ਪੁਨੂੰ

(ੲ) ਸੋਹਣੀ-ਮਹੀਂਵਾਲ (ਸ) ਲੈਲਾ-ਮਜਨੂੰ

5. ਹੇਠ ਲਿਖੇ ਬਹੁਤ ਵਿਕਲਪੀ ਪ੍ਰਸ਼ਨਾਂ ਦੇ ਠੀਕ ਉੱਤਰ ਚੁਣੋ :

1ਘ5]5

(ਜ) 'ਕੁਦਰਤ ਦਾ ਕਵੀ' ਕਿਸ ਨੂੰ ਕਿਹਾ ਜਾਂਦਾ ਹੈ?

(ੳ) ਗੁਰਬਖ਼ਸ਼ ਸਿੰਘ ਪ੍ਰੀਤਲੜੀ (ਅ) ਭਾਈ ਵੀਰ ਸਿੰਘ

(ੲ) ਪ੍ਰੋ. ਪੂਰਨ ਸਿੰਘ (ਸ) ਮੋਹਨ ਸਿੰਘ

Contd... p/3

(ਜਜ) 'ਅੱਜ ਆਖਾਂ ਵਾਰਿਸ ਸ਼ਾਹ ਨੂੰ' ਕਿਸ ਦੀ ਰਚਨਾ ਹੈ?

(ੳ) ਅੰਮ੍ਰਿਤ ਪ੍ਰੀਤਮ (ਅ) ਆਈ.ਸੀ. ਨੰਦਾ

(ੲ) ਸ਼ਿਵ ਕੁਮਾਰ (ਸ) ਪ੍ਰਿੰ. ਤੇਜਾ ਸਿੰਘ

(ਜਜਜ) 'ਬਿਰਹਾ ਦਾ ਕਵੀ' ਕੌਣ ਹੈ?

(ੳ) ਪ੍ਰੋ. ਪੂਰਨ ਸਿੰਘ (ਅ) ਸ਼ਿਵ ਕੁਮਾਰ ਬਟਾਲਵੀ

(ੲ) ਭਾਈ ਵੀਰ ਸਿੰਘ (ਸ) ਬਲਵੰਤ ਗਾਰਗੀ

(ਜਡ) ਪ੍ਰੀਤਲੜੀ ਨੂੰ ਕਿਸ ਦਾ ਜਾਦੂਗਰ ਕਿਹਾ ਜਾਂਦਾ ਹੈ?

(ੳ) ਜਾਦੂ ਦਾ (ਅ) ਪ੍ਰੀਤ ਨਗਰ ਦਾ

(ੲ) ਕਹਾਣੀ ਦਾ (ਸ) ਸ਼ਬਦਾਂ ਦਾ

(ਡ) ਸੰਤ ਸਿੰਘ ਸੇਖੋਂ ਨੇ ਕਿੰਨੇ ਨਾਟਕ ਲਿਖੇ ਹਨ?

(ੳ) 18 (ਅ) 15

(ੲ) 14 (ਸ) 20

6. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਇਕ ਸ਼ਬਦ ਜਾਂ ਇਕ ਵਾਕ ਵਿਚ ਲਿਖੋ:

(i) ਅਜੀਤ ਕੌਰ ਦਾ ਕਹਾਣੀ-ਸੰਗ੍ਰਹਿ ਕਿਹੜਾ ਹੈ? 1

(ii) ਪੰਜਾਬੀ ਨਿੱਕੀ ਕਹਾਣੀ ਨੂੰ ਪੱਛਮੀ ਤਕਨੀਕ ਅਨੁਸਾਰ ਕਿਸ ਨੇ ਢਾਲਿਆ? 1

(iii) ਬਲਵੰਤ ਗਾਰਗੀ ਦਾ ਦੇਹਾਂਤ ਕਦੋਂ ਹੋਇਆ? 1

(iv) ਪੰਜਾਬੀ ਨਾਟਕ ਦਾ ਜਨਮਦਾਤਾ ਕੌਣ ਹੈ? 1

(v) ਛੋਟੀਆਂ ਕਵਿਤਾਵਾਂ ਦਾ ਵੱਡਾ ਕਵੀ ਕੌਣ ਹੈ? 1

**ਭਾਗ (ਅ)**

7. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਇਕ ਸ਼ਬਦ ਵਿੱਚ ਦਿਉ :

1ਘ3]3

(i) 'ਧੀ' ਕਵਿਤਾ ਵਿੱਚ ਕਿਸ ਨੂੰ ਵਡਿਆਇਆ ਗਿਆ ਹੈ?

(ii) 'ਕੰਡਿਆਲੀ ਥੋਰ੍ਹ' ਕਿੱਥੇ ਉਗਦੀ ਹੈ?

(iii) 'ਮਰਸੀਆ' ਸ਼ਬਦ ਦਾ ਅਰਥ ਦੱਸੋ।

8. ਹੇਠ ਲਿਖੇ ਬਹੁ-ਵਿਕਲਪੀ ਪ੍ਰਸ਼ਨਾਂ ਦੇ ਠੀਕ ਉੱਤਰ ਚੁਣੋ :

1ਘ3]3

(ਜ) ਸ਼ੋਭਾ-ਸ਼ਕਤੀ ਨਾਟਕ ਕਦੋਂ ਲਿਖਿਆ ਗਿਆ?

(ੳ) ਸੰਨ 1860 ਵਿਚ (ਅ) ਸੰਨ 1960 ਵਿੱਚ

(ੲ) ਸੰਨ 1962 ਵਿਚ (ਸ) ਸੰਨ 1963 ਵਿੱਚ

Contd... p/4

(ਜਜ) ਸ਼ੋਭਾ-ਸ਼ਕਤੀ ਨਾਟਕ ਦਾ ਲੇਖਕ ਕੌਣ ਹੈ?

(ੳ) ਡਾ. ਹਰਚਰਨ ਸਿੰਘ (ਅ) ਗੁਰਚਰਨ ਸਿੰਘ

(ੲ) ਸੰਤ ਸਿੰਘ ਸੇਖੋਂ (ਸ) ਬਲਵੰਤ ਗਾਰਗੀ

(ਜਜਜ) ਦੀਨ ਦਿਆਲ ਕਪੂਰ ਕਿਹੋ-ਜਿਹੇ ਵਿਚਾਰਾਂ ਦਾ ਧਾਰਨੀ ਹੈ?

(ੳ) ਅਧਿਆਤਮਕ (ਅ) ਰੂੜ੍ਹੀਵਾਦੀ

(ੲ) ੳ ਅਤੇ ਅ ਦੋਨੋਂ (ਸ) ਇਨ੍ਹਾਂ ਵਿਚੋਂ ਕੋਈ ਵੀ ਨਹੀਂ

9. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਇਕ ਵਾਕ ਜਾਂ ਇਕ ਸ਼ਬਦ ਵਿੱਚ ਲਿਖੋ: 1ਘ3]3

(i) ਮਰਦਾਨੇ ਨੂੰ ਲੋਕੀਂ ਕੀ ਕਹਿ ਕੇ ਬੁਲਾਉਂਦੇ ਸਨ?

(ii) ਵੈਦਰ ਕਰਾਫਟ ਕਿਸ ਕਹਾਣੀ ਦਾ ਪਾਤਰ ਹੈ?

(iii) ਬੀਬੀ ਭਾਨੀ ਜੀ ਕੌਣ ਸਨ?

10. ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕਿਸੇ ਦੋ ਦੇ ਉੱਤਰ ਸੰਖੇਪ ਵਿੱਚ ਲਿਖੋ:

2ਘ2]4

(i) 'ਰਾਧਾ ਸੰਦੇਸ਼' ਕਵਿਤਾ ਤੋਂ ਸਾਨੂੰ ਕੀ ਸਿੱਖਿਆ ਮਿਲਦੀ ਹੈ?

(ii) ਲੱਖ ਗ਼ਰੀਬਾਂ ਮਜਦੂਰਾਂ ਦੇ ਹੰਝੂਆਂ 'ਤੇ ਪਲਣ ਵਾਲਾ ਹੁਸਨ, ਹੁਸਨ ਕਿਉਂ ਨਹੀਂ?

(iii) ਅਣ-ਵਿਆਹੀ ਕੁੜੀ ਮਾਪਿਆਂ ਦੇ ਘਰ ਕੀ-ਕੀ ਕੰਮ ਕਰਦੀ ਹੈ?

11. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਸੰਖੇਪ ਵਿੱਚ ਲਿਖੋ :

2ਘ2]4

(ਜ) 'ਸ਼ੋਭਾ-ਸ਼ਕਤੀ' ਨਾਟਕ ਦਾ ਉਦੇਸ਼ ਕੀ ਹੈ?

ਜਾਂ

'ਸ਼ੋਭਾ-ਸ਼ਕਤੀ' ਨਾਟਕ ਦੀ ਮੂਲ ਸਮੱਸਿਆ ਕੀ ਹੈ?

(ਜਜ) ਦੀਨ ਦਿਆਲ ਕਪੂਰ ਕੌਣ ਹੈ? ਉਸਦੇ ਚਰਿੱਤਰ ਦੇ ਗੁਣ ਦੱਸੋ।

ਜਾਂ

'ਸ਼ੋਭਾ ਸ਼ਕਤੀ' ਨਾਟਕ ਦੇ ਤੀਜੇ ਨਾਟ ਦੀ ਪ੍ਰਮੁੱਖ ਘਟਨਾ ਬਿਆਨ ਕਰੋ।

12. ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕਿਸੇ ਦੋ ਦੇ ਉੱਤਰ ਸੰਖੇਪ ਵਿਚ ਲਿਖੋ:
2ਘ2]4

(i) ਭਾਈ ਲਾਲੋ ਦੀ ਰੋਟੀ ਅਤੇ ਮਲਕ ਭਾਗੋ ਦੇ ਪੂੜਿਆਂ ਵਿੱਚੋਂ ਕੀ ਨਿਕਲਿਆ?

(ii) 'ਠਾਣੇਦਾਰੀ' ਕਹਾਣੀ ਦਾ ਵਿਸ਼ਾ ਕੀ ਹੈ?

(iii) ਲੋਕ-ਗੀਤਾਂ ਵਿੱਚ ਲੋਕਾਂ ਦੇ ਕਿਹੜੇ ਗੁਣਾਂ ਦਾ ਪ੍ਰਗਟਾਵਾ ਹੁੰਦਾ ਹੈ?

Contd... p/5

13. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 20-25 ਸ਼ਬਦਾਂ ਵਿਚ ਲਿਖੋ :
3

'ਤਾਜ ਮਹੱਲ' ਕਵਿਤਾ ਦਾ ਕੇਂਦਰੀ ਭਾਵ ਲਿਖੋ ।

ਜਾਂ

ਕਵਿਤਾ 'ਚਸ਼ਮਾਂ ਇੱਛਾਬਲ ਤੇ ਡੂੰਘੀਆਂ ਸ਼ਾਮਾਂ' ਵਿੱਚ ਕਵੀ ਚਸ਼ਮੇ ਤੋਂ ਕੀ ਪ੍ਰਸ਼ਨ ਕਰਦਾ ਹੈ?

14. ਹੇਠ ਲਿਖੇ ਪ੍ਰਸ਼ਨਾਂ ਦਾ ਉੱਤਰ 20-25 ਸ਼ਬਦਾਂ ਵਿੱਚ ਲਿਖੋ :
3

ਰੇਖਾ ਕੌਣ ਹੈ? ਕੰਵਲ ਅਤੇ ਸ਼ੋਭਾ ਨਾਲ ਉਸਦਾ ਕੀ ਰਿਸ਼ਤਾ ਹੈ?

ਜਾਂ

ਸ਼ੋਭਾ-ਸ਼ਕਤੀ ਨਾਟਕ ਵਿੱਚ ਸ਼ੋਭਾ ਆਪਣਾ ਘਰ-ਬਾਰ ਛੱਡ ਕੇ ਸਕੂਲ ਵਿੱਚ ਕਿਉਂ ਰਹਿਣਾ ਪਸੰਦ ਕਰਦੀ ਹੈ?

15. ਕਿਸੇ ਇਕ ਪ੍ਰਸ਼ਨ ਦਾ ਉੱਤਰ 20-25 ਸ਼ਬਦਾਂ ਵਿੱਚ ਲਿਖੋ :
3

'ਮਲਕ ਭਾਗੋ ਤੇ ਭਾਈ ਲਾਲੋ' ਸਾਖੀ ਵਿਚ ਕੀ ਉਪਦੇਸ਼ (ਸਿੱਖਿਆ) ਦਿੱਤਾ ਗਿਆ ਹੈ?

'ਸ਼ੀਸ਼ੇ ਸਾਹਮਣੇ' ਲੇਖ ਵਿਚ ਲੇਖਕ ਦੇ 'ਪੰਜਾਬੀ ਬੋਲੀ ਨਾਲ ਪਿਆਰ' ਬਾਰੇ ਜਾਣਕਾਰੀ ਦਿਓ ।

16. ਹੇਠ ਲਿਖੇ ਕਾਵਿ-ਟੋਟਿਆਂ ਵਿਚੋਂ ਕਿਸੇ ਇਕ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ : 5

(ੳ) ਸਾਵੇ ਸਾਵੇ ਘਾਹ ਉੱਤੇ, ਗਊਆਂ ਤੇ ਮੱਝੀਆ ਦਾ ਚਰਨਾ।
ਸਿਰ ਆਪਣਾ ਨੀਵੇਂ ਕੀਤੇ, ਪਸ਼ੂਆਂ ਦਾ ਚੁੱਪ ਚਪੀਤੇ,
ਚੁਗਣਾ ਤੇ ਰੱਜਣਾ ਤੇ ਨੱਸਣਾ। ਦੇਖ ਦੇਖ ਕੇ ਮੁੜ ਲੋਚਾਂ,
ਮੈਂ ਮੁੜ ਪਸ਼ੂ ਥੀਣ ਨੂੰ, ਆਦਮੀ ਬਣ ਬਣ ਥੱਕਿਆ।

(ਅ) ਖ਼ਤ ਆਵੇਗਾ ਰਾਤ ਬਰਾਤੇ, ਖ਼ਤ ਆਵੇਗਾ ਅੰਮੀ ਦਾ,
ਪੁੱਤਰ ਇਉਂ ਨਹੀਂ ਭੁੱਲ ਜਾਈਦਾ, ਜਿਹੜੀ ਕੁੱਖੋਂ ਜੰਮੀ ਦਾ,
ਖੜਾ ਖੜੋਤਾ ਹਾਲ ਤਾਂ ਪੁੱਤ੍ਰ ਜਾ ਬੁੱਢੀ ਜਾਨ ਨਿਕੰਮੀ ਦਾ,
ਉਮਰਾਂ ਵਾਂਗੂ ਅੰਤ ਹੁੰਦਾ, ਕਿਸੇ ਉਦਾਸੀ ਲੰਮੀ ਦਾ।

17. ਹੇਠ ਲਿਖੀਆਂ ਕਵਿਤਾਵਾਂ ਵਿੱਚੋਂ ਕਿਸੇ ਇੱਕ ਦਾ ਸਾਰ ਲਿਖੋ: 5

(ੳ) ਟੁਕੜੀ ਜੱਗ ਤੋਂ ਨਯਾਰੀ

(ਅ) ਅੰਨਦਾਤਾ

(ੲ) ਕੰਡਿਆਲੀ ਥੋਰ੍ਹ

Contd... p/6

18. ਹੇਠ ਲਿਖਿਆਂ ਪ੍ਰਸ਼ਨਾਂ ਵਿੱਚੋਂ ਕੋਈ ਇੱਕ ਦਾ ਉੱਤਰ 40-50 ਸ਼ਬਦਾਂ ਵਿੱਚ ਲਿਖੋ : 5

(ੳ) 'ਸ਼ੋਭਾ-ਸ਼ਕਤੀ' ਨਾਟਕ ਦੇ ਦੂਜੇ ਅੰਕ ਦਾ ਸਾਰ ਲਿਖੋ।

(ਅ) 'ਸ਼ੋਭਾ-ਸ਼ਕਤੀ' ਨਾਟਕ ਦੇ ਸਿਰਲੇਖ ਬਾਰੇ ਆਪਣੇ ਵਿਚਾਰ ਪੇਸ਼ ਕਰੋ।

19. ਹੇਠ ਲਿਖੇ ਲੇਖਾਂ ਵਿੱਚੋਂ ਕਿਸੇ ਇੱਕ ਦਾ ਸਾਰ ਲਿਖੋ : 5

(ੳ) ਕੌਮ ਲਈ ਕੁਰਬਾਨੀ

(ਅ) ਸਭਿਅਤਾ ਦੇ ਦੋ ਪੱਧਰ

(ੲ) ਬਾਬੇ ਵਰਿਆਮੇ ਦੀ ਦਿੱਬ ਦ੍ਰਿਸ਼ਟੀ

✡ ✡ ✡ ✡ ✡ ✡

ਝ਼ਗਾਜਅਪ ਛਫੀਕਠਕ।।।।।।।।।।।।2025 ਙ ੍ਰਚਅਹ਼ਲਜ (004)

## ਅੰਕ ਯੋਜਨਾ/ਪੜਤਾਲ–ਯੋਜਨਾ : .......2025–ਪੰਜਾਬੀ (004)

ਜਮਾਤ : ਬਾਰ੍ਹਵੀਂ ਕੋਡ ਨੰ. : 532

ਵਿਸ਼ਾ : ਪੰਜਾਬੀ ਕੁਲ ਅੰਕ : 80

ਉਪ-ਪਰੀਖਿਅਕ ਮੁਲਾਂਕਣ ਨਿਰਦੇਸ਼ਾਂ ਦਾ ਧਿਆਨ ਪੂਰਵਕ ਅਧਿਐਨ ਕਰਕੇ ਉੱਤਰ ਪੁਸਤਕਾਂ ਦਾ ਮੁਲਾਂਕਣ ਕਰੋ। ਜੇਕਰ ਵਿਦਿਆਰਥੀ ਨੇ ਪ੍ਰਸ਼ਨ ਪੂਰੇ ਅਤੇ ਸਹੀ ਹਨ ਕੀਤੇ ਹੋਣ ਤਾਂ ਵੱਧ ਤੋਂ ਵੱਧ ਅੰਕ ਦੇਣ ਤੋਂ ਸੰਕੋਚ ਨਾ ਕਰੋ।

**ਆਮ ਹਿਦਾਇਤਾਂ :**

(i) ਪਰੀਖਿਅਕ ਨੂੰ ਪ੍ਰਸ਼ਨ-ਪੱਤਰ ਦਾ ਮੂਲਾਂਕਣ ਕਰਨ ਤੋਂ ਪਹਿਲਾਂ ਆਮ ਸੰਕੇਤਾਂ ਵਿਚੋਂ ਲੰਘਣਾ ਪੈਂਦਾ ਹੈ।

(ii) ਮਾਰਕਿੰਗ ਸਕੀਮ ਵਿੱਚ ਦਿੱਤੀਆਂ ਹਦਾਇਤਾਂ ਦੀ ਸਖ਼ਤੀ ਨਾਲ ਪਾਲਣਾ ਕੀਤੀ ਜਾਵੇ।

(iii) ਜਵਾਬ ਵਿਚ ਗਲਤੀਆਂ ਜਾਂ ਰੇਖਾਂਕਿਤ ਕੀਤਾ ਜਾਵੇ।

(iv) ਜੇਕਰ ਜਵਾਬ ਬਿਲਕੁੱਲ ਸਹੀ ਹਨ ਪ੍ਰੀਖਿਆਰਥੀ ਨੂੰ ਪੂਰੇ ਅੰਕ ਦੇਣ ਵਿੱਚ ਸੰਕੋਚ ਕਰਨ ਦੀ ਲੋੜ ਨਹੀਂ ਹੈ

(v) ਪਰੀਖਿਅਕਾਂ ਨੂੰ ਇਹ ਯਕੀਨੀ ਬਣਾਉਣ ਲਈ ਬੇਨਤੀ ਕੀਤੀ ਜਾਂਦੀ ਹੈ ਕਿ ਹਰ ਜਵਾਬ ਨੂੰ ਅੰਕ ਦੇਣ ਤੋਂ ਪਹਿਲਾਂ ਗੰਭੀਰਤਾ ਨਾਲ ਅਤੇ ਇਮਾਨਦਾਰੀ ਨਾਲ ਪਾਸ ਕੀਤਾ ਗਿਆ ਹੈ। ਇਹ ਉਹਨਾਂ ਤੇ ਮੁਲਾਂਕਣ ਵਜੋਂ ਪ੍ਰਮਾਣਿਕਤਾ ਨੂੰ ਯਕੀਨੀ ਬਣਾਏਗਾ ਅਤੇ ਸੰਸਥਾ ਦੀ ਸਾਖ ਨੂੰ ਵੀ ਵਧਾਏਗਾ।

(vi) ਜੇਕਰ ਕੋਈ ਪ੍ਰੀਖਿਆਰਥੀ ਇੱਕ ਸਵੀਕਾਰਯੋਗ ਜਵਾਬ ਲਿਖਦਾ ਹੈ ਜੋ ਕਿ ਮਾਰਕਿੰਗ ਸਕੀਮ ਵਿੱਚ ਨਹੀਂ ਦਿੱਤਾ ਗਿਆ ਹੈ, ਤਾਂ ਉਸ ਨੂੰ ਹੈਡ-ਪ੍ਰੀਖਿਅਕ ਦੀ ਸਲਾਹ-ਮਸ਼ਵਰਾ ਤੋਂ ਬਾਅਦ ਹੀ ਅੰਕ ਦਿੱਤੇ ਜਾ ਸਕਦੇ ਹਨ।

(vii) ਜੇਕਰ ਕੋਈ ਪ੍ਰੀਖਿਆਰਥੀ ਇਕ ਵਾਧੂ ਪ੍ਰਸ਼ਨ ਦੀ ਕੋਸ਼ਿਸ਼ ਕਰਦਾ ਹੈ, ਤਾਂ ਉੱਚ ਪੁਰਸਕਾਰ ਦੇ ਯੋਗ ਉੱਤਰ ਨੂੰ

ਰੱਖਿਆ ਜਾਣਾ ਚਾਹੀਦਾ ਹੈ ਅਤੇ ਦੂਜੇ ਨੂੰ ਅੰਕ ਪ੍ਰਾਪਤ ਕਰਨਾ ਚਾਹੀਦਾ ਹੈ।

(viii) ਹੈੱਡ ਐਗਜ਼ਾਮੀਨਰ ਮਾਰਕਿੰਗ ਸਕੀਮ ਵਿਚ ਦਿੱਤੀਆਂ ਹਦਾਇਤਾਂ ਦੀ ਉਲੰਘਣਾ ਨਾ ਕਰਨ ਨੂੰ ਯਕੀਨੀ ਬਣਾਉਣ ਤੋਂ ਬਾਅਦ ਹੀ ਆਪਣੇ ਅਧੀਨ ਪ੍ਰੀਖਿਆਰਥੀ ਦੀ ਮਾਰਕਿੰਗ ਦੇ ਮਿਆਰ ਨੂੰ ਮਨਜ਼ੂਰੀ ਦੇਣਗੇ।

(ix) ਮੁੱਖ ਪ੍ਰੀਖਿਅਕਾਂ ਅਤੇ ਪ੍ਰੀਖਿਅਕਾਂ ਨੂੰ ਇਕ ਵਾਰ ਫਿਰ ਬੇਨਤੀ ਕੀਤੀ ਜਾਂਦੀ ਹੈ ਅਤੇ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਜਵਾਬਾਂ ਨੂੰ ਗੰਭੀਰਤਾ, ਇਮਾਨਦਾਰੀ ਅਤੇ ਇਮਾਨਦਾਰੀ ਨਾਲ ਪੜ੍ਹ ਕੇ ਆਪਣੇ ਮੁਲਾਂਕਣ ਦੀ ਪ੍ਰਮਾਣਿਕਤਾ ਨੂੰ ਯਕੀਨੀ ਬਣਾਉਣ। ਸਲਾਹ ਜੇ ਨਹੀਂ ਕੀਤੀ ਗਈ ਤਾਂ ਉਨ੍ਹਾਂ ਅਤੇ ਸੰਸਥਾ ਦਾ ਨਾਮ ਬਦਨਾਮ ਹੋਵੇਗਾ।

**ਜਰੂਰੀ ਹਦਾਇਤਾਂ** :

(i) ਮਾਰਕਿੰਗ ਸਕੀਮ ਦਾ ਉਦੇਸ਼ ਮੁਲਾਂਕਣ ਨੂੰ ਜਿਨਾਂ ਸੰਭਵ ਹੋ ਸਕੇ ਉਦੇਸ਼ ਬਣਾਉਣਾ ਹੈ। ਮਾਰਕਿੰਗ ਸਕੀਮ ਵਿੱਚ ਦਿੱਤੇ ਗਏ ਜਵਾਬ ਅੰਕ ਅੰਤਿਮ ਨਹੀਂ ਹਨ। ਇਹ ਸੂਚਕ ਅਤੇ ਸੰਕੇਤਕ ਹਨ। ਜੇਕਰ ਪਰੀਖਿਆਰਥੀ ਨੇ ਇਨ੍ਹਾਂ ਵਿੱਚੋਂ ਵੱਖਰੇ ਪਰ ਢੁੱਕਵੇਂ ਜਵਾਬ ਦਿੱਤੇ ਹਨ, ਤਾਂ ਉਸ ਨੂੰ ਢੁੱਕਵੇਂ ਅੰਕ ਦਿੱਤੇ ਜਾਣੇ ਚਾਹੀਦੇ ਹਨ।

(ii) ਸ਼ੁੱਧ, ਅਰਥਪੂਰਨ ਅਤੇ ਸਟੀਕ ਜਵਾਬਾਂ ਲਈ ਉਚਿਤ ਭਾਗ ਦਿੱਤਾ ਜਾਵੇ।

(iii) ਪ੍ਰੀਖਿਆਰਥੀ ਦੁਆਰਾ ਲੋੜ ਅਨੁਸਾਰ ਸਹੀ ਉੱਤਰ ਲਿਖਣ ਲਈ ਇਸ ਨੂੰ ਪੂਰੇ ਅੰਕ ਦਿੱਤੇ ਜਾਣੇ ਚਾਹੀਦੇ ਹਨ।

(iv) ਸਪੈਲਿੰਗ ਦੀਆਂ ਗਲਤੀਆਂ ਅਤੇ ਡਾਇਵਰਸਨ (ਵਿਸ਼ਾਂਤਰ) ਦੀ ਸਥਿਤੀ ਵਿੱਚ ਵੱਧ ਅੰਕ ਦੇ ਕੇ ਉਤਸ਼ਾਹਿਤ ਨਾ ਕਰੋ ।

(v) ਭਾਸ਼ਾ ਦੀ ਯੋਗਤਾ ਅਤੇ ਪ੍ਰਗਟਾਵੇ ਦੇ ਹੁਨਰ 'ਤੇ ਧਿਆਨ ਦਿੱਤਾ ਜਾਵੇ।

(vi) ਮੁੱਖ-ਪ੍ਰੀਖਿਅਕ ਅਤੇ ਪ੍ਰੀਖਿਅਕਾਂ ਨੂੰ ਉੱਤਰ ਪੁਸਤਕਾਂ ਦਾ ਮੁਲਾਂਕਣ ਕਰਨ ਲਈ ਇਹ ਸਿਰਫ ਮਾਰਕਿੰਗ ਨਿਰਦੇਸ਼/ਹਦਾਇਤਾਂ ਹੀ ਦਿੱਤੀਆਂ ਜਾ ਰਹੀਆਂ ਹਨ। ਮੁਲਾਂਕਣ ਜੇਕਰ ਜਵਾਬ ਤੋਂ ਇਲਾਵਾ ਕੋਈ ਹੋਰ ਜਵਾਬ ਸਹੀ ਹੈ ਤਾਂ ਪਰੀਖਿਅਕ, ਮੁੱਖ-ਪਰੀਖਿਅਕ ਨਾਲ ਸਲਾਹ-ਮਸ਼ਵਰਾ ਕਰਕੇ ਆਪਣੀ ਮਰਜ਼ੀ ਨਾਲ ਮੁਲਾਂਕਣ ਕਰੇ।

| ਪ੍ਰਸ਼ਨ | ਭਾਗ | ਪ੍ਰਸ਼ਨ ਦੇ ਭਾਗ ਉਪ-ਭਾਗ ਲਈ | ਅੰਕ | ਪੂਰਨ | ਟਿੱਪਣੀਆਂ/ਸੰਕੇਤਕ |
|---|---|---|---|---|---|
| ਨੰਬਰ | ਨੰਬਰ | ਨਿਰਧਾਰਿਤ ਉੱਤਰ | ਵੰਡ | ਅੰਕ | ਨੁਕਤੇ |

## ਭਾਗ (ੳ)

| | | | | | |
|---|---|---|---|---|---|
| 1. | | | | 5 | |
| | | ਸਿਰਲੇਖ : ਅਖਬਾਰਾਂ ਦਾ ਵਪਾਰ/ਅਖ਼ਬਾਰਾ ਦੇ ਸੌਦਾਗਰ | 2 | | ਵਿਦਿਆਰਥੀ ਇਸ ਤੋਂ ਇਲਾਵਾ ਹੋਰ ਵੀ ਸਿਰਲੇਖ ਦਾ ਨਾਂ ਢੁੱਕਵਾਂ ਰੱਖ ਸਕਦਾ ਹੈ। ਸੋ ਸਹੀ ਹੋਣ 'ਤੇ ਬਣਦੇ ਅੰਕ ਦਿੱਤੇ ਜਾਣ। |
| | | ਸੰਖੇਪ : ਸਮਾਜ ਵਿਚ ਅਖ਼ਬਾਰ ਵਿੱਚ ਛੱਪਣ ਵਾਲੀਆਂ ਖ਼ਬਰਾਂ ਉਪਰ ਸਰਮਾਏਦਾਰਾਂ ਦਾ ਆਪਣਾ ਕੰਟਰੋਲ ਹੈ। ਉਹ ਆਪਣੀ ਮਰਜੀ ਦੇ ਅਨੁਸਾਰ ਚਿੱਟੇ ਨੂੰ ਕਾਲਾ ਤੇ ਕਾਲੇ ਨੂੰ ਚਿੱਟਾ ਲਿਖਵਾਉਂਦੇ ਹਨ ਕਿਉਂਕਿ ਉਨ੍ਹਾਂ ਦੇ ਹੱਥ ਵਿਚ ਹੀ ਖ਼ਬਰਾਂ ਨੂੰ ਮਰੋੜਨ ਦੀ ਤਾਕਤ ਹੈ। | 3 | | |
| 2. | | **ਜੈਸੇ ਨੂੰ ਤੈਸਾ** ਕਿਸੇ ਸ਼ਹਿਰ ਵਿਚ ਦਰਜ਼ੀ ਦੀ ਦੁਕਾਨ... ਉਹ ਕੱਪੜੇ ਸਿਉਂਦਾ... ਦੁਕਾਨ ਅੱਗੋ ਹਾਥੀ ਰੋਜ਼ ਲੰਘਦਾ... ਦਰਜ਼ੀ ਹਾਥੀ ਨੂੰ ਰੋਜ ਕੁਝ ਖਾਣ ਨੂੰ ਦਿੰਦਾ... ਦੋਸਤੀ... ਇਕ ਦਿਨ ਦਰਜੀ ਕਿਸੇ ਗੱਲ ਤੋਂ ਨਰਾਜ਼... ਖਾਣ ਲਈ ਨਹੀਂ ਦਿੱਤਾ... ਸੂਈ ਚਭੋ ਦਿੱਤੀ... ਹਾਥੀ ਨਦੀ ਗਿਆ... ਗੰਦਾ ਪਾਣੀ ਸੁੰਡ ਵਿੱਚ | 5 | 5 | ਇਹ ਨੁਕਤੇ ਪਰੀਖਿਅਕ ਦੀ ਸਹੂਲਤ ਲਈ ਸਨ। ਬਣਦੇ ਅੰਕ ਦਿੱਤੇ ਜਾਣ। |

| | | | | | |
|---|---|---|---|---|---|
| | | ਭਰਿਆ... ਦੁਕਾਨ ਅੰਦਰ ਸੁੱਟਿਆ... ਕੱਪੜੇ ਗੰਦੇ.... ਪਛਤਾਉਂਦਾ। | | | |
| | | **ਈਮਾਨਦਾਰੀ ਚੰਗੀ ਨੀਤੀ ਹੈ** ਇਕ ਲੱਕੜਹਾਰਾ... ਜੰਗਲ ਵਿਚ ਲਕੜੀਆਂ ਕੱਟਦਾ ਹੈ ਕੁਹਾੜਾ ਦਰਿਆ ਵਿੱਚ ਡਿੱਗਾ... ਰੋਣ ਲਗ ਪਿਆ... ਪਾਣੀ ਦਾ ਦੇਵਤਾ ਪ੍ਰਗਟ ਹੋਇਆ... ਚੁੱਭੀ ਮਾਰੀ... ਸੋਨੇ ਦਾ ਕੁਹਾੜਾ ਲਿਆਇਆ... ਫਿਰ ਚਾਂਦੀ ਦਾ... ਤੀਜੀ ਚੁੱਭੀ ਵਿੱਚ ਲੋਹੇ ਦਾ... ਆਪਣਾ ਕੁਹਾੜਾ ਵੇਖ ਕੇ ਲਕੜਹਾਰਾ ਬਹੁਤ ਹੋਇਆ... ਦੇਵਤਾ ਈਮਾਨਦਾਰੀ ਦੇਖ ਕੇ ਖੁਸ਼... ਤਿੰਨੋ ਕੁਹਾੜੇ ਦਿੱਤੇ... ਸਿੱਖਿਆ... | 5 | | |
| | | **ਜਿੱਥੇ ਰਾਹ ਉੱਥੇ ਚਾਹ :** ਜੂਨ ਦਾ ਮਹੀਨਾ... ਗਰਮੀ... ਇਕ ਕਾਂ... ਪਿਆਸਾ.... ਪਾਣੀ ਦੀ ਭਾਲ... ਬਾਗ ਵਿਚ ਘੜਾ... ਪਾਣੀ ਘੱਟ.... ਚੁੰਝ ਨਹੀਂ ਪਹੁੰਚੀ... ਪਰੇਸ਼ਾਨ... ਤਰਕੀਬ ਸੁਝੀ... ਘੜੇ ਕੋਲ ਰੋੜੇ... ਪਾਣੀ ਵਿਚ ਪਾਏ... ਪਾਣੀ ਉਪਰ.. ਪੀਤਾ... ਉੱਡ ਗਿਆ ਸਿੱਖਿਆ। | 5 | | |
| 3. | | **ਸ੍ਰੀ ਗੁਰੂ ਨਾਨਕ ਦੇਵ ਜੀ** ਸਮਾਜ ਸੁਧਾਰਕ-ਉੱਚ ਕੋਟੀ ਦੇ ਕਵੀ-ਜਨਮ 1469... ਤਲਵੰਡੀ... | | 5 | ਵਿਦਿਆਰਥੀ |

| | | | | | |
|---|---|---|---|---|---|
| | | ਮਾਤਾ ਪਿਤਾ.. ਪੜ੍ਹਾਈ... ਸ਼ਾਂਤੀ ਦਾ ਸੰਦੇਸ਼... ਚਾਰ ਉਦਾਸੀਆਂ.. ਪ੍ਰਸਿੱਧ ਰਚਨਾਵਾਂ... ਕੁਲ ਸ਼ਬਦ.. ਵੱਡ-ਮੁੱਲਾ ਉਪਦੇਸ਼... ਬਾਬਰ ਦੇ ਹਮਲੇ ਸਮੇਂ... ਭਾਸ਼ਾ ਪੰਜਾਬੀ... ਬਾਣੀ ਦੇ ਉੱਭਰਵੇਂ ਤੱਤ... ਸਾਰ। | 5 | | ਦੁਆਰਾ ਸਹੀ ਲੇਖਨ ਤੇ ਸਮਝ ਦੇ ਆਧਾਰ ਤੇ ਬਣਦੇ ਅੰਕ ਦਿੱਤੇ ਜਾਣ। |
| | | **ਦਮੋਦਰ**<br>ਪੰਜਾਬੀ ਕਿੱਸਾ ਕਾਵਿ ਦਾ ਜਨਮ-ਦਾਤਾ... ਜਨਮ, ਮਰਨ ਦੀ ਨਹੀਂ ਜਾਣਕਾਰੀ... ਸਾਹਿਤਕ ਦੇਣ... ਸਾਹਿਤਕ ਵਿਸ਼ੇਸ਼ਤਾਵਾਂ... ਬਿਆਨ ਪ੍ਰਭਾਵਸ਼ਾਲੀ... ਕਿੱਸਾ ਸਮਕਾਲੀ ਸਮਾਜਕ ਜੀਵਨ ਦਾ ਪ੍ਰਤੀਬਿੰਬ... ਹੀਰ ਦਮੋਦਰ | 5 | | |
| | | **ਬੁੱਲ੍ਹੇ ਸ਼ਾਹ**<br>ਪੰਜਾਬੀ ਸੂਫ਼ੀ ਕਾਵਿ ਦੇ ਸਿਰਮੋਰ... ਜਨਮ... ਪਿਤਾ... ਜਾਤ... ਮੁੱਢਲੀ ਸਿੱਖਿਆ... ਮੁਰਸ਼ਦ... ਸਾਹਿਤਕ ਦੇਣ... ਮੁਗਲ ਰਾਜ ਦਾ ਸਮਾਂ... ਇਸ਼ਕ ਦਾ ਕਵੀ... ਹਕੀਕਤ ਦੀ ਸਥਿਤੀ... ਪਖੰਡਾਂ ਦਾ ਜੋਰਦਾਰ ਖੰਡਨ... ਮਸਤੀ ਵਿਚ ਝੂਮਦੇ... ਬੋਲੀ ਸਿੱਧੀ ਸਾਦੀ... ਅਲੰਕਾਰ ਘਰੋਗੀ। | 5 | | |
| 4. | (ਜ) | (ੲ) ਸ੍ਰੀ ਗੁਰੂ ਨਾਨਕ ਦੇਵ ਜੀ | 1 | 5 | ਜੇ ਉੱਤਰ ਵਿਚ ਵਿਦਿਆਰਥੀ (ੳ, ਅ, ੲ, ਸ) ਦੇ ਨਾਲ ਪੂਰਾ ਅਰਥ ਵੀ |
| | (ਜਜ) | (ੳ) 1173 ਈ. ਵਿੱਚ | 1 | | |
| | (ਜਜਜ) | (ਅ) 163 | 1 | | |

| | | | | | |
|---|---|---|---|---|---|
| | (ਜਙ) | (ਸ) ਸੂਫੀ ਕਾਵਿ ਧਾਰਾ | 1 | | ਲਿਖੇ ਤਾਂ ਨੰਬਰ ਦਿੱਤੇ ਜਾਣ। |
| | (ਙ) | (ੳ) ਹੀਰ ਰਾਂਝਾ | 1 | | |
| 5. | (ਜ) | (ਅ) ਭਾਈ ਵੀਰ ਸਿੰਘ | 1 | 5 | ਜੇ ਉੱਤਰ ਵਿਚ ਵਿਦਿਆਰਥੀ (ੳ, ਅ, ੲ, ਸ) ਦੇ ਨਾਲ ਪੂਰਾ ਅਰਥ ਵੀ ਲਿਖੇ ਤਾਂ ਨੰਬਰ ਦਿੱਤੇ ਜਾਣ। |
| | (ਜਜ) | (ੳ) ਅੰਮ੍ਰਿਤਾ ਪ੍ਰੀਤਮ | 1 | | |
| | (ਜਜਜ) | (ਅ) ਸ਼ਿਵ ਕੁਮਾਰ ਬਟਾਲਵੀ | 1 | | |
| | (ਜਙ) | (ਸ) ਸ਼ਬਦਾਂ ਦਾ | 1 | | |
| | (ਙ) | (ੲ) 14 | | | |
| 6. | (ਜ) | ਗੁਲਬਾਨੋ | 1 | 5 | ਉੱਤਰ ਸਹੀ ਹੋਣ 'ਤੇ ਪੂਰੇ ਅੰਕ ਦਿੱਤੇ ਜਾਣ। |
| | (ਜਜ) | ਕਰਤਾਰ ਸਿੰਘ ਦੁੱਗਲ ਨੇ | 1 | | |
| | (ਜਜਜ) | ਸੰਨ 2003 ਵਿੱਚ | 1 | | |
| | (ਜਙ) | ਆਈ. ਸੀ. ਨੰਦਾ | 1 | | |
| | (ਙ) | ਭਾਈ ਵੀਰ ਸਿੰਘ | 1 | | |
| **ਭਾਗ (ਅ)** | | | | | |
| 7 | (ਜ) | ਇਸਤਰੀ ਨੂੰ | 1 | 3 | ਉੱਤਰ ਸਹੀ ਹੋਣ 'ਤੇ ਪੂਰੇ ਅੰਕ ਦਿੱਤੇ ਜਾਣ |
| | (ਜਜ) | ਜੰਗਲਾਂ ਵਿੱਚ | 1 | | |
| | (ਜਜਜ) | ਮੌਤ ਦੇ ਦੁੱਖ ਨੂੰ ਪ੍ਰਗਟਾਉਣ ਵਾਲੇ ਗੀਤ | 1 | | |
| 8 | (ਜ) | ਸੰਨ 1860 ਵਿੱਚ (ੳ) | 1 | 3 | |
| | (ਜਜ) | ਡਾ. ਹਰਚਰਨ ਸਿੰਘ (ੳ) | 1 | | |
| | (ਜਜਜ) | ਰੂੜ੍ਹੀਵਾਦੀ (ਅ) | 1 | | |
| (9) | (ਜ) | ਮਰਾਸੀ | 1 | 3 | ਉੱਤਰ ਸਹੀ ਹੋਣ 'ਤੇ ਪੂਰੇ |
| | (ਜਜ) | ਕੌਮ ਲਈ ਕੁਰਬਾਨੀ | 1 | | |

| | | | | | |
|---|---|---|---|---|---|
| | (ਜਜਜ) | ਸ੍ਰੀ ਗੁਰੂ ਅਮਰਦਾਸ ਜੀ ਦੀ ਸਪੁੱਤਰੀ | 1 | | ਅੰਕ ਦਿੱਤੇ ਜਾਣ। |
| (10) | (ਜ) | ਕਿ ਸਾਡਾ ਪ੍ਰੀਤਮ ਪਿਆਰਾ ਜੇਕਰ ਸਾਡੇ ਵੱਲੋਂ ਮੁੱਖ ਮੋੜ ਲਏ ਤਾਂ ਵੀ ਸਾਨੂੰ ਚਾਹੀਦਾ ਹੈ ਕਿ ਅਸੀਂ ਉਸ ਨੂੰ ਸੱਚਾ ਸਿਦਕ ਭਰਿਆ ਪਿਆਰ ਦੇਈਏ। | 2 | 4 | ਉੱਤਰ ਸਹੀ ਹੋਣ 'ਤੇ ਪੂਰੇ ਅੰਕ ਦਿੱਤੇ ਜਾਣ। |
| | (ਜਜ) | ਇਹ ਹੁਸਨ, ਹੁਸਨ ਨਹੀਂ ਹੈ- ਸਗੋਂ ਛਲਾਵਾ ਹੈ- ਧੋਖਾ ਹੈ, ਕਿਉਂਕਿ ਇਸ ਪਿੱਛੇ ਲੱਖਾਂ ਹੀ ਗਰੀਬਾਂ, ਮਜ਼ਦੂਰਾ ਦੀ ਦੁੱਖਾਂ ਤੇ ਹੰਝੂਆਂ ਭਰੀ ਝਾਕੀ ਲੁਕੀ ਹੋਈ ਹੈ। | 2 | | ਉੱਤਰ ਸਹੀ ਹੋਣ 'ਤੇ ਪੂਰੇ ਅੰਕ ਦਿੱਤੇ ਜਾਣ। |
| | (ਜਜਜ) | ਗੁੱਡੀਆ-ਪਟੋਲੇ ਖੇਡਦੀ ਹੈ। ਚਰਖੀ ਕੱਤਦੀ ਹੈ। ਘਾਹ ਖੋਤਦੀ ਹੈ। ਬਾਪੂ ਦੀ ਰੋਟੀ ਲਿਜਾਂਦੀ ਹੈ। | 2 | | |
| 11. | (ਜ) | ਅਜੋਕੀ ਭਾਰਤੀ ਇਸਤਰੀ ਨੂੰ ਸੰਵਿਧਾਨਿਕ ਤੌਰ 'ਤੇ ਮਰਦ ਦੀ ਬਰਾਬਰੀ ਪ੍ਰਾਪਤ ਹੈ। ਸੁਤੰਤਰ ਜੀਵਨ ਜਿਉਣ ਦਾ ਅਧਿਕਾਰ ਹੈ। ਜੁਲਮਾਂ ਵਿਰੁੱਧ ਸੰਘਰਸ਼/ਨੌਕਰੀ। | 2 | 4 | ਉੱਤਰ ਸਹੀ ਤੇ ਮਿਲਦਾ-ਜੁਲਦਾ ਹੋਣ ਕਰਕੇ ਪੂਰੇ ਦਿੱਤੇ ਜਾਣ। |
| | | ਸੁਤੰਤਰ ਭਾਰਤ ਦੀ ਇਸਤਰੀ ਦੇ ਸਮਾਨਤਾਂ ਦੇ ਅਧਿਕਾਰ ਸਦਕਾ ਜੀਣ-ਥੀਣ ਦੀ ਸਮੱਸਿਆ ਨੂੰ ਪੇਸ਼ ਕੀਤਾ ਹੈ। | | | |
| | (ਜਜ) | ਇਕ ਬੜਾ ਅਮੀਰ, ਰੱਜਿਆ-ਪੁੱਜਿਆ ਤੇ ਸੇਵਾ-ਮੁਕਤ ਇੰਜੀਨੀਅਰ ਸ਼ਾਤੀ ਦਾ ਪਤੀ ਸ਼ੋਭਾ ਤੇ ਸਤੀਸ਼ ਦਾ ਪਿਤਾ/ਮਨੂੰਵਾਦੀ ਵਿਚਾਰਾਂ | | | |

| | | | | | |
|---|---|---|---|---|---|
| | | ਦਾ ਧਾਰਨੀ, ਗੁਸੈਲ, ਤਾਨਸ਼ਾਹ, ਅਯਾੱਸ, ਸ਼ਰਾਬ ਦਾ ਸ਼ੌਕੀਨ। | 2 | | |
| | | ਸ਼ੋਭਾ, ਪਿਤਾ ਦੇ ਪਤੀ ਦਾ ਘਰ ਛੱਡਣ ਉਪਰੰਤ ਪੁੱਤਰ ਤੇ ਨੂੰਹ ਦੀ ਅਧੀਨਗੀ ਨੂੰ ਸਵੀਕਾਰ ਨਹੀਂ ਕਰਦੀ। ਸੁਤੰਤਰਤਾ ਦੀ ਚਾਹਵਾਨ। | 2 | | |
| 12 | (ਜ) | ਭਾਈ ਲਾਲੋ ਦੀ ਰੋਟੀ ਵਿਚੋਂ ਦੁੱਧ ਦੇ ਮਲਿਕ ਭਾਗੋ ਦੇ ਪੂੜਿਆਂ ਵਿੱਚ ਲਹੂ। ਇਕ ਦੀ ਹੱਕ ਹਲਾਲ ਦੀ ਕਮਾਈ ਤੇ ਦੂਜੇ ਦੀ ਹੱਕ ਮਾਰ ਕੇ ਕੀਤੀ ਕਮਾਈ। | 2 | 4 | |
| | (ਜਜ) | ਗਰੀਬਾਂ ਤੇ ਵਿਅਰਥ ਹੀ ਰੌਅਬ ਪਾਉਂਦਾ ਅਤੇ ਅਫ਼ਸਰਾਂ ਤੇ ਅਮੀਰਾਂ ਦਾ ਪਾਣੀ ਭਰਦਾ ਹੈ। ਠਾਣੇਦਾਰੀ ਦੇ ਘਟੀਆ ਚਰਿੱਤਰ ਤੇ ਸਰਕਾਰੀ ਮਸ਼ੀਨਰੀ ਦੀ ਦੁਰਵਰਤੋਂ । | 2 | | |
| | (ਜਜਜ) | ਲੋਕਾਂ ਦੇ ਕੁਦਰਤੀ ਸੁਭਾਅ, ਰਹਿਣੀ-ਬਹਿਣੀ, ਰੀਤੀ-ਰਿਵਾਜ਼, ਮੇਲਿਆਂ ਤੇ ਤਿਉਹਾਰਾਂ ਦੇ ਗੁਣਾਂ ਦਾ ਪ੍ਰਗਟਾਵਾ । | 2 | | |
| 13. | | ਆਮ ਲੋਕਾਂ ਦੀਆਂ ਨਜ਼ਰਾਂ ਵਿੱਚ ਬੜਾ ਸੁੰਦਰ, ਸੋਹਣਾ। ਪਰ ਨਿਰਮਾਣ ਵੇਲੇ ਲੱਖਾਂ ਹੀ ਮਜ਼ਦੂਰਾਂ ਤੇ ਮਜ਼ਦੂਰਨੀਆਂ ਤੋਂ ਵਗਾਰ/ਸਖਤ ਕੰਮਾਂ । ਦੋ ਦਹਾਕੇ । ਬਾਲ, ਬੁੱਢੇ, ਗੱਭਰੂ ਤੀਵੀਆਂ ਨੂੰ ਸ਼ਾਹੀ ਫਰਮਾਨ ਹੱਡ- | 3 | 3 | ਉੱਤਰ ਸਹੀ ਤੇ ਮਿਲਦਾ ਜੁਲਦਾ ਹੋਣ ਤੇ ਪੂਰਾ ਅੰਕ ਦਿੱਤਾ ਜਾਵੇ। |

| | | | | | |
|---|---|---|---|---|---|
| | | ਭੰਨਵੀਂ ਜਬਰੀਂ ਮਿਹਨਤ/ਵਗਾਰ ਕਰਵਾ ਕੇ ਸ਼ਿੰਗਾਰਿਆ। | | | |
| | | ਸੰਝ ਹੋਈ। ਪਰਛਾਵੇ ਢਲ ਗਏ। ਇੱਛਾਬਲ ਵਾਲੇ ਕਿਉਂ ਜਾਰੀ। ਉਹੀ ਚਾਲ। ਸੈਲਾਨੀ, ਪੰਛੀ, ਮਾਲੀ ਸਭ ਸੌਂ ਗਏ। ਸਾਰੀ ਕੁਦਰਤ ਟਿਕ ਗਈ। ਉਹ ਹਾਲੇ ਵੀ ਕਿਉਂ ਜਾਰੀ। | 3 | | |
| 14. | | ਰੇਖਾ, ਕੰਵਲ ਨੈਣ ਦੀ ਪਤਨੀ ਤੇ ਸ਼ੋਭਾ ਦੀ ਨੂੰਹ ਮਾਪਿਆਂ ਦੀ ਧੀ। ਫੈਸ਼ਨਪੱਟੀ ਮੁਟਿਆਰ। ਸੱਸ ਤੋਂ ਦੁੱਖੀ। ਹਾਜਰ ਜਵਾਬ। ਮੂੰਹ-ਫੱਟ। ਅੱਖੜ ਤੇ ਮੂੰਹ ਜ਼ੋਰ। ਆਤਮ-ਵਿਸ਼ਵਾਸ ਵਾਲੀ। | 3 | 3 | ਉੱਤਰ ਸਹੀ ਤੇ ਮਿਲਦਾ-ਜੁਲਦਾ ਹੋਣ ਤੇ ਪੂਰੇ ਅੰਕ ਦਿੱਤੇ ਜਾਣ। |
| | | ਨੂੰਹ-ਪੁੱਤਰ ਨਾਲ ਝਗੜਾ। ਹੁਣ ਉਹ ਆਪਣੇ ਪੁੱਤਰ ਕੋਲ ਆਦਰ-ਮਾਣ ਤੇ ਸੁਤੰਤਰਤਾ ਨਾਲ ਨਹੀਂ ਰਹਿ ਸਕਦੀ। ਸਕੂਲ ਵਿੱਚ ਰਹਿਣਾ ਪਸੰਦ/ਮੁੱਖ ਅਧਿਆਪਿਕਾ | 3 | | |
| 15 | | ਸੱਚੀ-ਸੁੱਚੀ ਕੀਰਤ। ਸਭ ਨਾਲ ਪਿਆਰ । ਵੰਡ ਕੇ ਛੱਕਣਾ। ਪ੍ਰਭੂ ਸਿਮਰਨ। ਭਜਨ ਬੰਦਗੀ। ਅਰਦਾਸ | 3 | 3 | ਉੱਤਰ ਸਹੀ ਤੇ ਮਿਲਦਾ-ਜੁਲਦਾ ਹੋਦ 'ਤੇ ਪੂਰੇ ਅੰਕ ਦਿੱਤੇ ਜਾਣ। |
| | | ਸਾਹਿਤਕ ਰੁਚੀਆਂ ਨੂੰ ਪੰਜਾਬੀ ਬੋਲੀ ਰਾਹੀਂ ਪ੍ਰਗਟਾ। ਪੰਜਾਬੀ ਬੋਲੀ ਦੀ ਸੇਵਾ। ਹਰ ਪੰਜਾਬੀ ਸਾਹਿਤਕਾਰ ਪਿਆਰਾ। ਸ਼ੁਭ ਚਿੰਤਕ। ਜਿੰਦ-ਜਾਨ ਪੰਜਾਬੀ ਦੀ ਬਾਹਵਾਂ | | | |

| | | | | | |
|---|---|---|---|---|---|
| | | ਵਿਚ ਆਪਣਾ ਜੀਵਨ ਸਮਾਪਤ। | 3 | | |
| 16. | <br>(ੳ)<br>(ਅ) | ਕਵੀ ਕਵਿਤਾ ਕਿਤਾਬ<br>ਪ੍ਰੋ. ਪੂਰਨ ਸਿੰਘ ਪਸ਼ੂ ਚਰਦੇ ਕਾਵਿ ਕੀਰਤੀ<br>ਸੁਰਜੀਤ ਪਾਤਰ ਖ਼ਤਾਂ ਦੀ ਉਡੀਕ, ਕਾਵਿ ਕੀਰਤੀ | 2+3 | 5 | ਤਿੰਨ ਅੰਕ ਵਿਆਖਿਆ ਤੇ ਦੋ ਅੰਕ ਪ੍ਰਸੰਗ ਦੇ ਹਨ |
| 17 | (ੳ) | ਕਵੀ : ਭਾਈ ਵੀਰ ਸਿੰਘ<br>ਜਾਂ | | 5 | ਕਵੀ ਤੇ ਕਵਿਤਾ ਦਾ ਸਾਰ ਸਹੀ ਤੇ ਸਪੱਸ਼ਟ ਲਿਖਣ 'ਤੇ ਵੱਧ ਤੋਂ ਵੱਧ ਅੰਕ ਦਿੱਤੇ ਜਾਣ। |
| | (ਅ) | ਕਵੀ : ਅੰਮ੍ਰਿਤਾ ਪ੍ਰੀਤਮ<br>ਜਾਂ | | | |
| | (ੲ) | ਕਵੀ : ਸ਼ਿਵ ਕੁਮਾਰ | 5 | | |
| 18. | (ੳ) | ਦੂਜੇ ਅੰਕ ਦਾ ਸਰ<br>ਜਾਂ | | 5 | ਨਾਟਕ ਦਾ ਸਾਰ ਜਾਂ ਸਿਰਲੇਖ ਬਾਰੇ ਸਹੀ ਸਪੱਸ਼ਟ ਅਤੇ ਭਾਵਪੂਰਵਕ ਲਿਖਣ 'ਤੇ ਵੱਧ ਤੋਂ ਵੱਧ ਅੰਕਾਂ ਦਿੱਤੇ ਜਾਣ |
| | (ਅ) | ਨਾਟਕ ਦਾ ਸਿਰਲੇਖ | 5 | | |
| 19. | (ੳ) | ਲੇਖਕ : ਭਾਈ ਮੋਹਨ ਸਿੰਘ ਵੈਦ<br>ਜਾਂ | | 5 | ਲੇਖ ਦੇ ਲੇਖਕ ਅਤੇ ਸਾਰ ਸਪੱਸ਼ਟ ਅਤੇ ਭਾਵਪੂਰਨ ਲਿਖਣ 'ਤੇ ਵੱਧ ਤੋਂ ਵੱਧ ਅੰਕ ਦਿੱਤੇ ਜਾਣ। |
| | (ਅ) | ਲੇਖਕ : ਗੁਰਬਖਸ਼ ਸਿੰਘ<br>ਜਾਂ | | | |
| | (ੲ) | ਲੇਖਕ : ਸ. ਸ. ਚਰਨ ਸਿੰਘ ਸ਼ਹੀਦ | 5 | | |